# ਸੰਵਾਦ


ISSN : 2395-1273

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

ਜੁਲਾਈ-ਦਸੰਬਰ 2024
20 ਵਾਂ ਅੰਕ



ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

ISSN : 2395-1273

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

A Peer Reviewed Punjabi Research Journal

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਛਿਮਾਹੀ ਖੋਜ ਰਸਾਲਾ**
ਜੁਲਾਈ-ਦਸੰਬਰ 2024
ਅੰਕ-20ਵਾਂ


**ਵਿਸ਼ੇਸ਼ ਅੰਕ**

## ਬਿਰਤਾਂਤਾਂ ਦੀ ਜੰਗ

**ਸਰਪ੍ਰਸਤ**
ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**
ਡਾ. ਮਹਿਲ ਸਿੰਘ

**ਸੰਪਾਦਕ**
ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron & Chief Editor:**
***Dr. Mehal Singh***
**+91 85288-28200**

**Editor:**
***Dr. Atam Singh Randhawa***
**+91 98722-17273**

**ISSN : 2395-1273** | **July-December 2024**



**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ||| ਜੁਲਾਈ-ਦਸੰਬਰ 2024**


## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❐ **ਬਿਰਤਾਂਤ ਸਿਰਜਣ ਦੀ ਜੰਗ**

**(ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)** 124-129

ਡਾ. ਗੁਰਦੀਪ ਸਿੰਘ

❐ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137

ਬਲਜਿੰਦਰ ਸਿੰਘ

❐ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145

ਡਾ. ਦਯਾ ਸਿੰਘ

❐ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165

ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈



ISSN : 2395-1273



ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ

# ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ

**ਡਾ. ਰਾਜਿੰਦਰ ਪਾਲ ਸਿੰਘ ਬਰਾੜ**

ਸਾਬਕਾ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

✆ 95150-50617

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ। ਅੱਜ ਭਾਰਤੀ ਪੰਜਾਬ ਦੇ ਵਿਚ ਪੰਜ ਦਰਿਆ ਨਹੀਂ ਰਹੇ ਪਰ ਦੇਸ਼ ਵੰਡ ਤੋਂ ਬਾਅਦ ਪੰਜ ਸਿਆਸੀ ਕਹਾਣੀਆਂ ਜ਼ਰੂਰ ਪ੍ਰਚੱਲਿਤ ਹਨ। ਇਹ ਕਹਾਣੀਆਂ ਲੋਕਾਂ ਦਾ ਮਨੋਰੰਜਨ ਹੀਂ ਨਹੀਂ ਕਰਦੀਆਂ ਸਗੋਂ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਲੋਕ ਬਹੁਤ ਸਾਰੇ ਫੈਸਲੇ ਇਨ੍ਹਾਂ ਕਹਾਣੀਆਂ ਦੇ ਪ੍ਰਭਾਵ ਹੇਠ ਹੀਂ ਨਹੀਂ ਲੈਂਦੇ ਸਗੋਂ ਸ਼ਹਾਦਤ ਦੇਣਾ ਵੀ ਕਬੂਲਦੇ ਹਨ। ਤੁਹਾਨੂੰ ਜਾਪਦਾ ਹੋਵੇਗਾ ਕਿ ਕਥਾ ਕਹਾਣੀਆਂ ਤਾਂ ਬੜੀਆਂ ਮਸੂਮ ਹੁੰਦੀਆਂ ਹਨ ਇਨ੍ਹਾਂ ਕੀ ਕਿਸੇ ਦੀ ਜਾਨ ਲੈਣੀ। ਅਸਲ ਵਿਚ ਕਹਾਣੀਆਂ ਬਹੁਤ ਜ਼ਾਲਮ ਹੁੰਦੀਆਂ ਹਨ। ਇਹ ਵੀ ਅਜੀਬ ਵਿਡੰਬਨਾ ਹੈ, ਅਸੀਂ ਕਹਾਣੀਆਂ ਘੜ੍ਹਨ ਦਾ ਵਹਿਮ ਪਾਲ਼ ਲਿਆ ਹੈ ਜਦੋਂ ਕਿ ਅਸਲ ਵਿਚ ਕਹਾਣੀਆਂ ਸਾਨੂੰ ਘੜ੍ਹਦੀਆਂ ਹਨ।

ਪਹਿਲੀ ਕਹਾਣੀ ਕੁਝ ਇਸ ਤਰ੍ਹਾਂ ਹੈ। ਇਕ ਪੰਜ ਦਰਿਆਵਾਂ ਦੀ ਹਰੀ ਭਰੀ ਧਰਤੀ ਸੀ ਜਿਥੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪੈਦਾ ਹੋਏ, ਜਿਨ੍ਹਾਂ ਸਾਰੇ ਜੱਗ ਦਾ ਭਲਾ ਕੀਤਾ, ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਨੀਂਹ ਰੱਖੀ, ਜ਼ੁਲਮ ਦਾ ਟਾਕਰਾ ਕੀਤਾ। ਸਿੱਖ ਧਰਮ ਦਾ ਇਤਿਹਾਸ ਬੜਾ ਗੌਰਵਮਈ ਹੈ। ਅਸੀਂ ਸਿੱਖਾਂ ਨੇ ਕਾਬਲ ਕੰਧਾਰ ਤੋਂ ਆਉਂਦੇ ਹਰ ਅਫ਼ਗਾਨੀਆਂ ਦੁਰਾਨੀਆਂ ਦੇ ਮੂੰਹ ਮੋੜੇ ਹਨ। ਮਹਾਰਾਜਾ ਰਣਜੀਤ ਸਿੰਘ ਸਾਡਾ ਮਹਾਨ ਮਹਾਂ ਪਰਤਾਪੀ ਯੋਧਾ ਵਿਅਕਤੀ ਸੀ। ਪਤਾ ਨਹੀਂ ਕੀ ਹੋਣੀ ਵਾਪਰੀ ਰਾਜ ਅੰਗਰੇਜ਼ਾਂ ਕੋਲ਼ ਚਲਿਆ ਗਿਆ। ਅਸੀਂ ਬਹਾਦਰ ਹਾਂ, ਅਸੀਂ ਸਾਰਾਗੜ੍ਹੀ ਵਿਚ ਬਹਾਦਰੀ ਦਿਖਾਈ, ਸਾਡੀ ਬਹਾਦਰੀ ਨੂੰ ਸਾਰਾ ਜੱਗ ਜਾਣਦਾ ਹੈ। ਅਸੀਂ ਬਹਾਦਰ ਹਾਂ ਪਰ ਭੋਲੇ ਹਾਂ ਦੇਸ਼ ਦੀ ਅਜ਼ਾਦੀ ਸਮੇਂ ਮੁਸਲਮਾਨਾਂ ਨੇ ਪਾਕਿਸਤਾਨ ਲੈ ਲਿਆ, ਹਿੰਦੂਆਂ ਨੂੰ ਹਿੰਦੋਸਤਾਨ ਮਿਲਿਆ। ਸਿੱਖ, ਹਿੰਦੂਆਂ ਦੀਆਂ ਚਿਕਨੀਆਂ-ਚੋਪੜੀਆਂ ਗੱਲਾਂ ਵਿਚ ਆ ਗਏ, ਵੱਖਰਾ ਰਾਜ ਨਹੀਂ ਲਿਆ ਜੋ ਅੰਗਰੇਜ਼ ਸਾਨੂੰ ਦਿੰਦੇ ਸਨ। ਹੁਣ ਹਿੰਦੂ ਸਾਡੇ ਨਾਲ ਧੱਕਾ ਕਰਦੇ ਹਨ। ਅਸੀਂ ਰਾਜ ਲਈ ਸੰਘਰਸ਼ ਕਰਾਂਗੇ- ਰਾਜ ਕਰੇਗਾ ਖਾਲਸਾ। ਕਈ ਕਹਾਣੀਕਾਰ ਕਹਾਣੀ ਸੁਣਾਉਣ ਵੇਲੇ ਥੋੜਾ ਫਰਕ ਪਾ ਦਿੰਦੇ ਹਨ ਉਹ ਕਹਿੰਦੇ ਹਨ ਅਸੀਂ ਸ਼ਾਂਤਮਈ ਢੰਗ ਨਾਲ ਖ਼ਾਲਿਸਤਾਨ ਮੰਗਦੇ ਹਾਂ ਦੂਜੇ ਆਖਦੇ ਹਨ ਇਉਂ ਕੋਈ ਰਾਜ ਨਹੀਂ ਦਿੰਦਾ, ਖੰਡਾ ਖੜਕਾਉਣਾ ਪਵੇਗਾ। ਇਸ ਕਹਾਣੀ ਦੇ ਹੀਰੋ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਸ਼ੁਬੇਗ ਸਿੰਘ ਅਤੇ ਭਾਈ ਅਮਰੀਕ ਸਿੰਘ ਵਰਗੇ ਹਨ ਜਿਨ੍ਹਾਂ ਨੂੰ ਸਿਮਰਨਜੀਤ ਸਿੰਘ ਮਾਨ ਵਰਗੇ ਅਰਾਧਦੇ ਹਨ। ਇਹ ਕਹਾਣੀਆਂ ਦੀਪ ਸਿੱਧੂ ਨੂੰ ਭਾਈ ਸੰਦੀਪ ਸਿੰਘ ਕੌਮੀ ਸ਼ਹੀਦ ਬਣਾ ਦਿੰਦੀਆਂ ਹਨ।

ਦੂਜੀ ਕਹਾਣੀ ਸ਼ੁਰੂ ਤਾਂ ਪਹਿਲਾਂ ਵਾਂਗ ਹੀ ਹੁੰਦੀ ਹੈ, ਅੱਗੇ ਰਾਹ ਬਦਲ ਲੈਂਦੀ ਹੈ, ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਭਾਰਤ ਲਈ ਬਹੁਤ ਕੁਝ ਕੀਤਾ ਹੈ ਪਰ ਭਾਰਤ ਦੀ ਕੇਂਦਰ ਸਰਕਾਰ ਨੇ ਹਮੇਸ਼ਾਂ ਪੰਜਾਬ ਨਾਲ ਧੱਕਾ ਕੀਤਾ ਹੈ। ਸਿੱਖਾਂ ਨੇ ਸਾਰੇ ਭਾਰਤ ਦੇਸ਼ ਦਾ ਪੇਟ ਭਰਿਆ ਹੈ। ਜਦੋਂ ਦੇਸ਼ 'ਤੇ ਭੀੜ ਬਣੀ ਚੀਨ ਦਾ ਹਮਲਾ ਹੋਵੇ ਚਾਹੇ ਪਾਕਿਸਤਾਨ ਦਾ ਹੋਵੇ, ਅੱਗੇ ਹੋ ਕੇ ਖੜ੍ਹੇ ਹੋਏ ਹਨ। ਦੇਸ਼ ਦੀਆਂ ਅੰਨ ਲੋੜਾਂ ਪੂਰੀਆਂ ਕਰਦਿਆਂ ਪੌਣ ਪਾਣੀ ਮਿੱਟੀ ਪਲੀਤ ਕਰ ਲਈ, ਜੰਗਾਂ ਵਿਚ ਮਾਵਾਂ ਨੇ ਪੁੱਤ ਮਰਵਾ ਲਏ ਪਰ ਕੇਂਦਰ ਨੇ ਪਹਿਲਾਂ ਪੰਜਾਬੀ ਸੂਬਾ ਨਹੀਂ ਬਣਾਇਆ ਜੇ ਬਣਾਇਆ ਤਾਂ ਪੰਜਾਬੀ ਬੋਲਦੇ ਇਲਾਕੇ ਬਾਹਰ ਰੱਖ ਦਿੱਤੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਨਹੀਂ ਸੌਂਪੀ, ਪੰਜਾਬ ਦੇ ਪਾਣੀਆਂ ਦੇ ਹੈੱਡ ਵਰਕਸ ਦਾ ਕੰਟਰੋਲ ਆਪਣੇ ਕੋਲ ਰੱਖ ਲਿਆ, ਦੇਸ਼ ਵਿਚ ਐਮਰਜੈਂਸੀ ਲਗਾਈ ਤਾਂ ਅਸੀਂ ਵਿਰੋਧ ਕੀਤਾ। ਸਿੱਟੇ ਵਜੋਂ ਹਰ ਮਸਲੇ 'ਤੇ ਕੇਂਦਰ ਨੇ ਸਾਡੇ ਨਾਲ ਧੱਕਾ ਕਰਨਾ ਸ਼ੁਰੂ ਕੀਤਾ। ਕਾਂਗਰਸ (ਇੰਦਰਾ ਗਾਂਧੀ) ਨੇ ਸਾਡੇ ਸਿੱਖਾਂ ਦੇ ਧਾਰਮਿਕ ਸਥਾਨਾਂ 'ਤੇ ਹਮਲਾ ਕੀਤਾ। ਦਿੱਲੀ ਵਿਚ ਸਿੱਖਾਂ ਨੂੰ ਮਾਰਿਆ। ਸਾਨੂੰ ਫੈਡਰਲ ਢਾਂਚਾ ਚਾਹੀਦਾ ਹੈ। ਕੇਂਦਰ ਵਾਰੋ-ਵਾਰੀ ਰਾਜਾਂ ਦੇ ਅਧਿਕਾਰਾਂ ਨੂੰ ਖੋਰਾ ਲਾ ਰਿਹਾ ਹੈ। ਆਪਣੀ ਕਨਕਰੰਟ ਲਿਸਟ ਵਧਾਈ ਜਾਂਦਾ ਹੈ। ਸਾਨੂੰ ਫੈਡਰਲ ਸਟੇਟ ਚਾਹੀਦੀ ਹੈ। ਜੇ ਫੈਡਰਲ ਨਹੀਂ ਤਾਂ ਘੱਟੋ-ਘੱਟ ਕੇਂਦਰ ਵਿਚ ਸਾਡੀ ਭਾਈਵਾਲੀ ਹੋਣੀ ਚਾਹੀਦੀ ਹੈ। ਇਹ ਕੇਂਦਰ ਦੇ ਧੱਕੇ ਦੀ ਰਾਮਕਹਾਣੀ ਸ੍ਰ.ਪ੍ਰਕਾਸ਼ ਸਿੰਘ ਬਾਦਲ ਕਈ ਦਹਾਕੇ ਬੜੇ ਰਹਾਅ ਨਾਲ ਸੁਣਾਉਂਦੇ ਰਹੇ। ਪੰਜ ਵਾਰ ਮੁੱਖ ਮੰਤਰੀ ਬਣੇ ਅਤੇ ਕੇਂਦਰ ਵਿਚ ਭਾਈਵਾਲ



(ਪੰਨੇ 32-34)

**www.sanvad.org**

ISSN : 2395-1273

ਵੀ ਰਹੇ। ਇਸ ਕਹਾਣੀ ਵਿਚ ਅਕਾਲੀ ਦਲ ਦੇ ਪੰਜਾਬੀ ਸੂਬਾ ਅੰਦੋਲਨ ਅਤੇ ਧਰਮ ਯੁੱਧ ਮੋਰਚੇ ਵਿਚ ਜੇਲ੍ਹ ਕੱਟਣ ਵਾਲੇ ਹੀਰੋ ਹਨ ਜਿਸ ਦਾ ਮੁੱਖ ਨਾਇਕ ਪ੍ਰਕਾਸ਼ ਸਿੰਘ ਬਾਦਲ ਜੇਲ੍ਹ ਕੱਟਣ ਨਾਲ ਬਣਦਾ ਹੈ ਭਾਵੇਂ ਕਈ ਆਲੋਚਕ ਇਸ ਜੇਲ੍ਹ ਮਹੀਨਿਆਂ ਦਾ ਹਿਸਾਬ ਵੀ ਮੰਗਦੇ ਹਨ। ਇਸ ਕਹਾਣੀ ਦੇ ਮੁੱਖ ਖ਼ਲਨਾਇਕ ਕਾਂਗਰਸ ਅਤੇ ਖ਼ਾਸ ਕਰ ਇੰਦਰਾ ਨਹਿਰੂ ਪਰਿਵਾਰ ਹੈ।

ਤੀਜੀ ਕਹਾਣੀ ਕਾਂਗਰਸ ਦੀ ਹੈ ਜੋ 1947 ਤੋਂ ਲਗਭਗ 2014 ਤਕ ਉਹ ਲਗਾਤਾਰ ਆਪਾ ਸੁਣਾਉਂਦੀ ਰਹੀ ਹੈ। ਉਸ ਦੀ ਹੀਰੋ ਵੀ ਉਹ ਆਪ ਹੀ ਹੈ। ਅਸੀਂ ਦੇਸ਼ ਨੂੰ ਆਜ਼ਾਦੀ ਲੈ ਕੇ ਦਿੱਤੀ। ਸਾਡਾ ਰਾਜ ਧਰਮ ਨਿਰਪੱਖ ਹੈ, ਅਸੀਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਪ੍ਰਧਾਨ ਮੰਤਰੀ ਨਿਛਾਵਰ ਕੀਤੇ। ਸਾਡੀ ਅਗਵਾਈ ਵਿਚ ਦੇਸ਼ ਨੇ ਜੰਗਾਂ ਜਿੱਤੀਆਂ। ਦੁਸ਼ਮਣ ਦੇਸ਼ ਪਾਕਿਸਤਾਨ ਦੇ ਦੋ ਟੁਕੜੇ ਕਰ ਦਿੱਤੇ। ਐਟਮੀਂ ਸ਼ਕਤੀ ਬਣੇ। ਅਸੀਂ ਸਿੱਖਾਂ ਸਮੇਤ ਸਾਰੀਆਂ ਘੱਟ-ਗਿਣਤੀਆਂ ਨੂੰ ਨਾਲ ਲੈ ਕੇ ਚੱਲੇ ਹਾਂ। ਦੇਸ਼ ਨੂੰ ਸਿੱਖ ਗ੍ਰਹਿ ਮੰਤਰੀ, ਸਿੱਖ ਪ੍ਰਧਾਨ ਮੰਤਰੀ ਅਤੇ ਸਿੱਖ ਰਾਸ਼ਟਰਪਤੀ ਅਸੀਂ ਹੀ ਦਿੱਤਾ ਹੈ। ਵੱਖਵਾਦੀ ਤਾਕਤਾਂ ਨੂੰ ਅਸੀਂ ਕੁਚਲਿਆ ਹੈ। ਭਾਵੇਂ ਇਸ ਲਈ ਸਾਨੂੰ ਆਪਣਾ ਪ੍ਰਧਾਨ ਮੰਤਰੀ ਵੀ ਗੁਆਉਣਾ ਪਿਆ। ਸਾਨੂੰ ਰਾਜ ਕਰਨ ਦਾ ਢੰਗ ਹੈ। ਅਸੀਂ ਸਭ ਤੋਂ ਲੰਮਾ ਸਮਾਂ ਰਾਜ ਕੀਤਾ ਹੈ। ਜੇ ਭਾਰਤ ਮਾਤਾ ਸੀ ਤਾਂ ਗਾਂਧੀ ਬਾਪੂ ਸੀ, ਨਹਿਰੂ ਚਾਚਾ ਸੀ, ਇੰਦਰਾ ਇੰਡੀਆ ਸੀ।

ਚੌਥੀ ਕਹਾਣੀ ਤੀਜੀ ਕਹਾਣੀ ਦਾ ਹੀ ਨਵਾਂ ਐਡੀਸ਼ਨ ਹੈ। ਜਿਵੇਂ ਪਹਿਲੀ ਅਤੇ ਦੂਜੀ ਕਹਾਣੀ ਇਕ ਤਰ੍ਹਾਂ ਹੀ ਸ਼ੁਰੂ ਹੁੰਦੀਆਂ ਹਨ, ਇਵੇਂ ਹੀ ਚੌਥੀ ਕਹਾਣੀ ਵੀ ਤੀਜੀ ਵਾਂਗ ਹੀ ਸ਼ੁਰੂ ਹੁੰਦੀ ਹੈ ਪਰ ਇਹ ਆਪਣਾ ਧਰਮ ਨਿਰਪੱਖ ਹੀਰੋ ਮਾਰ ਦਿੰਦੀ ਹੈ। ਉਸ ਦੀ ਥਾਂ ਹਿੰਦੂ ਰਾਸ਼ਟਰਵਾਦ ਦਾ ਹੀਰੋ ਲੈ ਕੇ ਆਉਂਦੀ ਹੈ। ਕੌਮੀ ਏਕਤਾ, ਅਖੰਡਤਾ ਦੇ ਨਾਲੋ-ਨਾਲ ਇਹ ਕਹਾਣੀ ਆਪਣੀ ਸ਼ੁਰੂਆਤ ਵਿਸ਼ਵ ਦੀ ਸਭ ਤੋਂ ਪੁਰਾਣੀ ਮਹਾਨ ਸਭਿਅਤਾ ਦੇ ਮਹਿਮਾ ਗਾਣ ਨਾਲ ਸ਼ੁਰੂ ਹੁੰਦੀ ਹੈ ਅਤੇ ਵਿਸ਼ਵ ਗੁਰੂ ਬਣਨ ਦੇ ਦਾਅਵੇ ਨਾਲ ਸਿਖ਼ਰ ਵੱਲ ਵਧਦੀ ਹੈ। ਭਾਰਤ ਵਿਚ ਜਨਮਿਆ ਹਰ ਵਿਅਕਤੀ ਜਨਮਜਾਤ ਹਿੰਦੂ ਹੈ। ਬੁੱਧ, ਜੈਨ ਅਤੇ ਸਿੱਖ ਇਸ ਦੀਆਂ ਸ਼ਾਖ਼ਾਵਾਂ ਹਨ। ਇਸਾਈ ਅਤੇ ਮੁਸਲਮਾਨ ਬਾਹਰੋਂ ਆਏ ਵਿਦੇਸ਼ੀ, ਲੁਟੇਰੇ, ਧਾੜਵੀ ਹਨ। ਉਹ ਦੇਸ਼ੋਂ ਭਜਾ ਦੇਣੇ ਚਾਹੀਦੇ ਹਨ ਜਾਂ ਉਨ੍ਹਾਂ ਦਾ ਸ਼ੁੱਧੀਕਰਨ ਕਰਨਾ ਚਾਹੀਦਾ ਹੈ। ਇਸ ਕਹਾਣੀ ਵਿਚ ਨਾਟਕੀ ਝਟਕੇ ਵਧੇਰੇ ਹਨ। ਕਦੀ ਅੱਧੀ ਰਾਤੀਂ ਨੋਟਬੰਦੀ ਹੋ ਜਾਂਦੀ ਹੈ, ਕਦੇ ਸਰਜੀਕਲ ਸਟਰਾਈਕ ਹੁੰਦਾ ਹੈ, ਕਦੇ ਕਰੋਨਾ ਦੀ ਤਾਲਾਬੰਦੀ ਆ ਜਾਂਦੀ ਹੈ। ਕਹਾਣੀ ਥੋੜ੍ਹੀ ਫ਼ਿਲਮੀ ਹੈ। ਮੁੱਖ ਫ਼ਿਲਮ ਸਟੂਡੀਓ ਨਾਗਪੁਰ ਵਿਚ ਹੈ। ਆਰ.ਐਸ.ਐਸ. ਡਾਇਰੈਕਟ ਕਰਦਾ ਹੈ। ਇਸ ਦਾ ਪੰਜਾਬ ਵਿਚ ਇਕ ਵੱਖਰਾ ਰੂਪ ਵੀ ਪ੍ਰਚੱਲਿਤ ਹੈ। ਇਹ ਸਿੱਖ ਇਤਿਹਾਸ ਦੀ ਕਹਾਣੀ ਦੇ ਉਨ੍ਹਾਂ ਪੰਨਿਆ ਨੂੰ ਜ਼ੋਰ-ਜ਼ੋਰ ਨਾਲ ਪੜ੍ਹਦੇ ਹਨ ਜਿਨ੍ਹਾਂ ਵਿਚ ਸਿੱਖਾਂ ਦੀ ਮੁਗ਼ਲਾਂ ਨਾਲ ਲੜਾਈ ਹੋਈ ਹੋਵੇ। ਮੁਗ਼ਲਾਂ ਨੂੰ ਅਕਸਰ ਮੁਸਲਮਾਨ ਪੜ੍ਹਦੇ ਹਨ। ਇਹ ਕਹਾਣੀ ਕਹਿੰਦੀ ਹੈ, ਪੰਜਾਬ ਨਾਲ ਨਾ ਕੋਈ ਧੱਕਾ ਹੋਇਆ ਹੈ, ਨਾ ਹੋਵੇਗਾ। ਕਾਂਗਰਸ ਦੇਸ਼ ਨਾਲ ਜ਼ਰੂਰ ਧੱਕਾ ਕਰਦੀ ਰਹੀ ਹੈ। ਡਬਲ ਇੰਜਨ ਦੀ ਸਰਕਾਰ ਬਣਾਉ ਅਤੇ ਫਾਇਦਾ ਹੀ ਫਾਇਦਾ ਪਾਉ, ਇਸ ਕਹਾਣੀ ਦਾ ਸਿੱਟਾ ਹੈ। ਘੱਟ ਗਿਣਤੀਆਂ ਦੀ ਦੁਸ਼ਮਣ, ਅਪਰੇਸ਼ਨ ਬਲੂ ਸਟਾਰ ਲਈ ਉਕਸਾਉਣ ਵਾਲੀ, ਸਿੱਖਾਂ ਨੂੰ ਵੱਖਰੀ ਜਾਂ ਧਾਰਮਿਕ ਸਮੂਹ ਮੰਨਣ ਦੀ ਥਾਂ ਆਪਣੇ ਹਿੰਦੂਆਂ ਵਿਚੋਂ ਹੀ ਆਖਕੇ ਵੱਖਰੀ ਪਛਾਣ ਖਤਮ ਕਰਨ ਵਾਲੀ, ਪੰਜਾਬ, ਪੰਜਾਬੀ ਪੰਜਾਬੀਅਤ ਦੀ ਥਾਂ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਨਾਅਰਾ ਥੋਪਣ ਵਾਲੀ ਹੋਣ ਦੇ ਬਾਵਜੂਦ ਸੱਤਾ ਦਾ ਆਪਣਾ ਮਿਕਨਾਤੀਸੀ ਜਾਦੂ ਹੁੰਦਾ ਹੈ। ਲਾਲਚੀ ਕੁੱਤਾ ਭਾਵੇਂ ਮੂੰਹ ਵਿਚਲਾ ਟੁਕੜਾ ਖੁਹਾ ਲਵੇ ਪਰ ਲਾਲਚ ਲਾਲਚ ਹੀ ਹੁੰਦਾ ਹੈ। ਸਿਆਸੀ ਬੰਦਿਆਂ ਵਿਚੋਂ ਹਰਜੀਤ ਗਰੇਵਾਲ ਤੋਂ ਲੈ ਕੇ ਕੈਪਟਨ ਅਮਰਿੰਦਰ ਸਿੰਘ ਦੇ ਲਾਮਲਸ਼ਕਰ ਸਮੇਤ ਬਹੁਤ ਲੋਕ ਇਸ ਕਹਾਣੀ ਨੂੰ ਨਾ ਕੇਵਲ ਸੁਣਨ ਲੱਗੇ ਹਨ ਸਗੋਂ ਅੱਗੇ ਸੁਣਾਉਣ ਵੀ ਲੱਗੇ ਹੋਏ ਹਨ। ਚਲੋ ਸਿਆਸੀ ਬੰਦਿਆਂ ਦੀ ਤਾਂ ਆਪਣੀ ਮਜ਼ਬੂਰੀ ਹੁੰਦੀ ਹੈ ਪਰ ਅਕਾਦਮਿਕ,ਬਿਊਰੋਕਰੇਟ ਅਤੇ ਟੈਕਨੋਕਰੇਟ ਵੀ ਕੇਂਦਰੀ ਸੱਤਾ ਦੀ ਪਾਈ ਬੁਰਕੀ ਦੀ ਆਸ ਵਿਚ ਇਸ ਕਹਾਣੀ ਦਾ ਹੁੰਗਾਰਾ ਭਰਦੇ ਹਨ। ਪੰਜਾਬ ਦੀ ਸ਼ਹਿਰੀ ਵਸੋਂ ਤਾਂ ਆਪਣੇ ਧਾਰਮਿਕ, ਸਮਾਜਕ ਅਤੇ ਵਪਾਰਕ ਹਿਤਾਂ ਕਾਰਨ ਪਹਿਲਾਂ ਹੀ ਇਸ ਦੇ ਮੁੱਖ ਸਰੋਤਾ ਸਨ, ਹੁਣ ਇਸ ਕਹਾਣੀ ਦੇ ਕਥਾਕਾਰਾਂ ਨੇ ਪੇਂਡੂ ਜੱਟ ਸਿੱਖ ਕਿਸਾਨੀ ਵਿਚੋਂ ਵੀ ਆਪਣੇ ਸਰੋਤੇ ਲੱਭਣੇ ਸ਼ੁਰੂ ਕਰ ਦਿੱਤੇ ਹਨ।

ਪੰਜਵੀਂ ਕਹਾਣੀ ਵੱਖ-ਵੱਖ ਰੰਗਾਂ ਦੇ, ਮਾਰਕਸਵਾਦੀ ਕਾਮਰੇਡਾਂ ਦੀ ਹੈ। ਇਸ ਕਹਾਣੀ ਅਨੁਸਾਰ ਗੋਰੇ ਅੰਗਰੇਜ਼ ਚਲੇ ਗਏ ਪਰ ਕਾਲੇ ਅੰਗਰੇਜ਼ ਆ ਗਏ। ਦੇਸ਼ ਦਾ ਢਾਂਚਾ ਬਦਲੇ ਬਗ਼ੈਰ ਕੋਈ ਸੁਧਾਰ ਨਹੀਂ ਹੋਣਾ, ਇਨਕਲਾਬ ਕਰਨਾ ਪੈਣਾ ਹੈ। ਇਸ ਕਹਾਣੀ ਨੂੰ ਪਿਛਲੀ ਸਦੀ ਦੇ ਅੱਠਵੇਂ ਦਸਵੇਂ ਦਹਾਕੇ ਤਕ ਚੰਗਾ ਹੁੰਗਾਰਾ ਮਿਲਦਾ ਰਿਹਾ ਹੈ। ਸਿਆਸੀ ਤਾਕਤ ਭਾਵੇਂ ਬਹੁਤੀ ਨਹੀਂ ਸੀ ਪਰ ਸਾਹਿਤ, ਸਭਿਆਚਾਰ ਅਤੇ ਆਮ ਜੀਵਨ ਤੇ

ਬਹੁਤ ਅਸਰ ਸੀ। ਮੁਲਾਜ਼ਮਾਂ ਵਿਚ ਯੂਨੀਅਨਾਂ ਰਾਹੀਂ ਇਹ ਕਹਾਣੀ ਹਰ ਮੰਚ ਤੋਂ ਲੋਕਾਂ ਤਕ ਪਹੁੰਚਦੀ ਸੀ। ਇਸ ਕਹਾਣੀ ਦੇ ਨਾਇਕ ਮਾਰਕਸ, ਏਂਗਲਜ਼, ਲੈਨਿਨ, ਮਾਓ-ਜ਼ੇ-ਤੁੰਗ, ਫੀਦਲ ਕਾਸਤਰੋ, ਚੀ ਗੁਵੇਰਾ ਨਾਇਕ ਸਨ। ਪੰਜਾਬ ਵਿਚੋਂ ਭਗਤ ਸਿੰਘ ਹੀਰੋ ਸੀ, ਪਾਸ਼ ਨਾਇਕਤਵ ਦਾ ਚਿੰਨ੍ਹ ਸੀ। ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਇਹ ਕਹਾਣੀ ਗ਼ੈਰ ਯਥਾਰਥਕ ਲੱਗਣ ਲੱਗ ਪਈ। ਇਸ ਕਹਾਣੀ ਦਾ ਪਿਛੋਕੜ ਵਿਦੇਸ਼ੀ ਸੀ, ਬਹੁਤੇ ਪਾਤਰ ਦੂਰ ਦੇ ਸਨ ਅਤੇ ਘਟਨਾਵਾਂ ਓਪਰੀਆਂ ਸਨ ਪਰ ਫੇਰ ਵੀ ਇਹ ਕਹਾਣੀ ਚੰਗੀ ਚੱਲੀ। ਇਸ ਕਹਾਣੀ ਦੀ ਇਕ ਹੋਰ ਖ਼ਾਸੀਅਤ ਸੀ ਕਿ ਇਸ ਕਹਾਣੀ ਦੇ ਕਥਾਕਾਰ ਆਪੋ ਵਿਚ ਲੜਦੇ ਹੋਏ, ਇਕ ਦੂਜੇ ਦੀ ਕਹਾਣੀ ਨੂੰ ਗਲਤ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਸਨ। ਇੰਜ ਇਹ ਕਹਾਣੀ ਸਿਖ਼ਰ ਵੱਲ ਵਧਣ ਦੀ ਥਾਂ ਸਿਰਖੰਡੀ ਛੰਦ ਵਰਗੀ ਹੋ ਜਾਂਦੀ ਹੈ। ਇਸ ਕਹਾਣੀ ਦਾ ਅੰਤ ਇਹ ਹੈ ਕਿ ਹੁਣ ਹਥਿਆਰਬੰਦ ਸੰਘਰਸ਼ ਕਰਕੇ ਇਨਕਲਾਬ ਕਰਨ ਦਾ ਜ਼ਮਾਨਾ ਨਹੀਂ ਰਿਹਾ, ਵੋਟਾਂ ਦੇ ਡੱਬਿਆਂ ਵਿਚੋਂ ਇਨਕਲਾਬ ਨਿਕਲ ਸਕਦਾ ਹੈ। ਖ਼ਰੁਸ਼ਚੋਵ ਇਨ੍ਹਾਂ ਦਾ ਰਾਹ ਦਰਸਾਵਾ ਸੀ। ਇਕ ਹੋਰ ਕਥਾਕਾਰ ਅਨੁਸਾਰ ਰਾਜਸੀ ਤਾਕਤ ਤਾਂ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ। ਮਾਓ ਇਨ੍ਹਾਂ ਦਾ ਹੀਰੋ ਸੀ ਤੇ ਹਥਿਆਰਬੰਦ ਇਨਕਲਾਬ ਬਗ਼ੈਰ ਕੋਈ ਚਾਰਾ ਨਹੀਂ ਸੀ। ਚਾਰੂ ਮਜ਼ੂਮਦਾਰ ਦੀ ਅਗਵਾਈ ਸੀ, ਨਕਸਲਬਾੜੀ ਵਿਚੋਂ ਉੱਠੀ ਬਸੰਤ ਦੀ ਰੋਹੀਲੀ ਗਰਜ ਦੀ ਪੰਜਾਬ ਵਿਚ ਗੂੰਜ ਸੀ। ਇਨ੍ਹਾਂ ਵਿਚੋਂ ਹੀ ਉੱਠੇ ਆਖਦੇ ਸਨ ਕਿ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਥਾਂ ਜਨਤਕ ਸਰਗਰਮੀਆਂ ਕਰਕੇ ਅਧਾਰ ਮਜਬੂਤ ਕਰੋ। ਇਨ੍ਹਾਂ ਵਿਚੋਂ ਹੀ ਇਕ ਹੋਰ ਆਖਦਾ ਹੈ ਕਿ ਹਥਿਆਰਬੰਦ ਇਨਕਲਾਬ ਆਉਣ ਤਕ ਵੋਟਾਂ ਵਿਚ ਦਾਅ ਪੇਚਕ ਤੌਰ ’ਤੇ ਹਿੱਸਾ ਲਿਆ ਜਾ ਸਕਦਾ ਹੈ। ਕਾਮਰੇਡੀ ਕਹਾਣੀ ਦੇ ਕੇਵਲ ਸਿਖਰ ’ਤੇ ਪਾਤਰ ਹੀ ਵੱਖੋ-ਵੱਖਰੇ ਨਹੀਂ ਹਨ ਸਗੋਂ ਇਸ ਦੇ ਤਾਣੇ ਪੇਟੇ ਬਾਰੇ ਵੀ ਰੌਲਾ ਰਹਿੰਦਾ ਹੈ। ਕਿਸੇ ਲਈ ਇਹ ਬੁਰਜੂਆ ਜਮਹੂਰੀਅਤ ਹੈ ਤੇ ਕਿਸੇ ਲਈ ਅਰਧ ਜਾਗੀਰੂ, ਅਰਧ ਸਰਮਾਏਦਾਰੀ, ਕੋਈ ਸੰਸਾਰ ਇਨਕਲਾਬ ਦੀ ਗੱਲ ਕਰਦਾ ਹੈ ਤੇ ਕਿਸੇ ਲਈ ਭਾਰਤ ਕੌਮੀਅਤਾਂ ਦੀ ਜੇਲ੍ਹ ਹੈ। ਅੱਜਕਲ੍ਹ ਇਨ੍ਹਾਂ ਖਿੰਡੀਆਂ-ਪੁੰਡੀਆਂ ਕਹਾਣੀਆਂ ਦੇ ਸਰੋਤੇ ਬਹੁਤ ਘੱਟ ਹਨ। ਇਹ ਆਪ ਹੀ ਕਹਾਣੀ ਪਾਉਂਦੇ ਤੇ ਆਪ ਹੀ ਸੁਣਦੇ ਹਨ। ਨਵੇਂ ਬੱਚਿਆਂ ਨੂੰ ਇਸ ਕਹਾਣੀ ਵਿਚ ਬਹੁਤ ਘੱਟ ਦਿਲਚਸਪੀ ਹੈ।

ਇਨ੍ਹਾਂ ਸਾਰੀਆਂ ਕਹਾਣੀਆਂ ਤੋਂ ਅੱਕੇ ਲੋਕਾਂ ਨੇ ਇਕ ਨਵੀਂ ਕਹਾਣੀ ਦੀ ਤਲਾਸ਼ ਕੀਤੀ। ਇਹ ਨਵੇਂ ਕਥਾਕਾਰਾਂ ਨੇ ਪੁਰਾਣੀਆਂ ਕਹਾਣੀਆਂ ਦਾ ਮਿਲਗੋਭਾ ਫਿਊਜ਼ਨ ਵੀ ਕੀਤਾ ਅਤੇ ਪੁਰਾਣੀ ਸ਼ਰਾਬ ਨਵੀਆਂ ਬੋਤਲਾਂ ਵਿਚ ਪਾ ਕੇ ਰੀਮੇਕ ਵੀ ਕੀਤਾ। ਜੇ ਕਾਂਗਰਸ ਦੀ ਕਹਾਣੀ ਦਿੱਲੀ ਹਾਈਕਮਾਂਡ ਤੋਂ ਚੱਲਦੀ ਸੀ ਤਾਂ ਭਾਜਪਾ ਦੀ ਨਾਗਪੁਰ ਤੋਂ ਤਾਰ ਹਿੱਲਦੀ ਹੈ। ਕਾਮਰੇਡ ਮਾਸਕੋ ਵਿਚ ਮੀਂਹ ਪੈਣ ’ਤੇ ਪੰਜਾਬ ਵਿਚ ਛਤਰੀ ਤਾਣ ਲੈਂਦੇ ਸਨ। ਅਕਾਲੀ ਦਲ ਪਰਿਵਾਰ ਤੋਂ ਚੱਲਦਾ ਹੈ ਤਾਂ ਆਪ ਦੀ ਕਹਾਣੀ ਕੇਜਰੀਵਾਲ ਤੋਂ ਚੱਲਦੀ ਹੈ। ਇਕ ਹੋਰ ਕਹਾਣੀ ਤੁਰੀ ਤਾਂ ਸੀ ਪਰ ਕਾਸ਼ੀ ਰਾਮ ਦੇ ਦੇਹਾਂਤ ਤੋਂ ਬਾਅਦ ਬਦਲ ਗਈ। ਸਾਹਿਤ ਵਿਚ ਕੁਝ ਚੱਲਦੀ ਪਈ ਹੈ। ਇਸ ਕਹਾਣੀ ਦਾ ਸਾਰਤੱਤ ਇਹ ਹੈ ਕਿ ਉੱਚੀਆਂ ਸਵਰਨ ਜਾਤਾਂ ਨੇ ਨੀਵੀਆਂ ਦਲਿਤ ਜਾਤਾਂ ਦਾ ਸ਼ੋਸ਼ਣ ਕੀਤਾ ਹੈ, ਜ਼ੁਲਮ ਕੀਤਾ ਹੈ। ਜਿਵੇਂ ਕੁਝ ਲੋਕਾਂ ਦੀ ਕਹਾਣੀ ਵਿਚ ਧਰਮ ਪ੍ਰਧਾਨ ਹੈ ਅਤੇ ਕੁਝ ਦੀ ਕਹਾਣੀ ਵਿਚ ਜਮਾਤ, ਇੰਜ ਹੀ ਇਸ ਕਹਾਣੀ ਵਿਚ ਜਾਤ ਪ੍ਰਧਾਨ ਹੈ। ਭਗਵਾਨ ਵਾਲਮੀਕ, ਭਗਤ ਰਵਿਦਾਸ, ਜੀਵਨ ਸਿੰਘ ਅਤੇ ਅੰਬੇਡਕਰ ਨਾਇਕ ਹਨ। ਇਹ ਸਾਰੀਆਂ ਕਹਾਣੀਆਂ ਦਾ ਇਕ ਸਾਂਝਾ ਲੱਛਣ ਹੈ ਕਿ ਗੱਲ ਕੋਈ ਵੀ ਹੋਵੇ, ਮਸਲਾ ਕੋਈ ਵੀ ਹੋਵੇ, ਕਥਾਕਾਰਾਂ ਨੇ ਉਸ ਨੂੰ ਆਪਣੀ ਕਹਾਣੀ ਵਿਚ ਫਿੱਟ ਕਰ ਲੈਣਾ ਹੈ। ਮਿਸਾਲ ਵਜੋਂ ਨੇੜੇ ਦੇ ਇਤਿਹਾਸ ਵਿਚ ਆਪਰੇਸ਼ਨ ਬਲੂ ਸਟਾਰ ਅਤੇ ਕਿਸਾਨ ਅੰਦੋਲਨ ਦੋ ਵੱਡੀਆਂ ਘਟਨਾਵਾਂ ਹੋਈਆਂ ਹਨ। ਹਰ ਪੱਖ ਦੇ ਕਹਾਣੀਕਾਰਾਂ ਕੋਲ ਇਸ ਕਹਾਣੀ ਨੂੰ ਆਪਣੀ ਕਹਾਣੀ ਵਿਚ ਸਮਾਉਣ ਅਤੇ ਵਿਆਖਿਆਉਣ ਦੀ ਆਪਣੀ ਕਲਾ ਹੈ। ਸਮੱਸਿਆ ਇਹ ਹੈ ਕਿ ਸਾਰੀ ਸ੍ਰਿਸ਼ਟੀ ਦੀ ਸਾਰੀ ਮਾਨਵਤਾ ਦੀ ਕਹਾਣੀ, ਪੰਜਾਬ ਦੀ ਕਹਾਣੀ, ਸਾਰੇ ਪੰਜਾਬੀਆਂ ਦੀ ਕਹਾਣੀ ਬਹੁਤ ਘੱਟ ਤੁਰਦੀ ਹੈ। ਤੁਰਦੀ ਹੈ ਤਾਂ ਜਾਤ, ਧਰਮ, ਇਲਾਕਾ, ਲਿਪੀ, ਭਾਸ਼ਾ ਖਲਨਾਇਕ ਬਣ ਰਾਹ ਰੋਕ ਲੈਂਦੇ ਹਨ। ਹੁਣ ਗਲੋਬਲ ਕਾਰਪੋਰੇਟ ਆਪਣੀ ਕਹਾਣੀ ਲਿਖ ਰਿਹਾ ਹੈ, ਕੀ ਗਲੋਬਲ ਸਿਟੀਜਨ ਵੀ ਕੋਈ ਆਪਣੀ ਕਹਾਣੀ ਲਿਖੇਗਾ ? ਪੰਜਾਬ ਦੇ ਲੋਕ ਹੁਣ ਇਕ ਹੋਰ ਨਵੀਂ ਕਹਾਣੀ ਦੀ ਤਲਾਸ਼ ਵਿਚ ਹਨ। ਇਹ ਨਵੀਂ ਕਹਾਣੀ ਕੌਣ ਲਿਖੇਗਾ? ਕੌਣ ਸੁਣਾਏਗਾ? ਕੌਣ ਸੁਣੇਗਾ? ਇਹ ਬੜਾ ਮਹੱਤਵਪੂਰਨ ਪ੍ਰਸ਼ਨ ਹੈ ਕਿਉਂਕਿ ਇਸ ਨਵੀਂ ਕਹਾਣੀ ਨੇ ਪੰਜਾਬ ਸਿਰਜਣਾ ਹੈ। (ਇਹ ਸਾਰੀਆਂ ਗੱਲਾਂ ਨੋਵਾਲ ਹਰਾਰੀ ਦੇ ਬਿਰਤਾਂਤ ਸੰਕਲਪ ਅਤੇ ਪੰਜਾਬ ਵਿਚ ਪ੍ਰਚੱਲਿਤ ਸਿਆਸੀ ਪ੍ਰਵਚਨਾਂ ਦਾ ਮਿਲਗੋਭਾ ਹੈ।)

◈


**www.sanvad.org**
ISSN : 2395-1273